Alberta Government

# ਨਿਊਜ਼ ਰਿਲੀਜ਼

# ਅਲਬਰਟਾ ਦੇ ਉੱਚਤਮ ਸਨਮਾਨ ਲਈ ਨਾਮਜ਼ਦਗੀਆਂ ਖੁੱਲੀਆਂ ਹਨ

4 ਜਨਵਰੀ, 2024

ਅਲਬਰਟਾ ਵਾਸੀਆਂ ਨੂੰ ਅਲਬਰਟਾ ਆਰਡਰ ਆਫ਼ ਐਕਸੀਲੈਂਸ ਵਿਚ ਮੈਂਬਰਸ਼ਿਪ ਲਈ ਕਮਾਲ ਦੇ ਕਮਿਊਨਿਟੀ ਮੈਂਬਰਾਂ, ਆਗੂਆਂ ਅਤੇ ਕਾਢਕਾਰਾਂ ਨੂੰ ਨਾਮਜ਼ਦ ਕਰਨ ਲਈ ਉਤਸ਼ਾਹਤ ਕੀਤਾ ਜਾਂਦਾ ਹੈ।

ਆਰਡਰ ਸੂਬੇ ਦਾ ਸਭ ਤੋਂ ਉੱਚਤਮ ਸਨਮਾਨ ਹੈ ਅਤੇ ਉਨ੍ਹਾਂ ਨਾਗਰਿਕਾਂ ਨੂੰ ਮਾਨਤਾ ਦਿੰਦਾ ਹੈ ਜਿਨ੍ਹਾਂ ਨੇ ਆਪਣੇ ਭਾਈਚਾਰਿਆਂ ਲਈ ਮਹੱਤਵਪੂਰਣ ਅਤੇ ਸਥਾਈ ਯੋਗਦਾਨ ਦਿੱਤਾ ਹੈ। ਮੈਂਬਰਾਂ ਵਿੱਚ ਓਲੰਪੀਅਨ, ਵਿਗਿਆਨੀ, ਵਲੰਟੀਅਰ, ਕਾਰੋਬਾਰੀ ਆਗੂ, ਅਤੇ ਕਲਾਕਾਰ ਸ਼ਾਮਲ ਹਨ। 1979 ਵਿੱਚ ਸਥਾਪਤ ਕੀਤੇ ਜਾਣ ਤੋਂ ਬਾਅਦ, 212 ਐਲਬਰਟਨਾਂ ਨੂੰ ਅਲਬਰਟਾ ਆਰਡਰ ਆਫ਼ ਐਕਸੀਲੈਂਸ ਵਿੱਚ ਰਸਮੀ ਤੌਰ ਤੇ ਸ਼ਾਮਿਲ ਕੀਤਾ ਗਿਆ ਹੈ।

ਨਾਮਜ਼ਦਗੀਆਂ ਨੂੰ ਸਾਲ ਭਰ ਸਵੀਕਾਰਿਆ ਜਾਂਦਾ ਹੈ, ਪਰ ਇਸ ਸਾਲ ਵਿੱਚ ਰਸਮੀ ਤੌਰ ਤੇ ਸ਼ਾਮਿਲ ਕੀਤੇ ਜਾਣ ਵਾਸਤੇ ਵਿਚਾਰਨ ਲਈ 15 ਫਰਵਰੀ ਤੱਕ ਪ੍ਰਾਪਤ ਕਰਨਾ ਲਾਜ਼ਮੀ ਹੈ।

ਨਾਮਜ਼ਦ ਵਿਅਕਤੀ ਇਸ ਸਮੇਂ ਅਲਬਰਟਾ ਵਿੱਚ ਰਹਿ ਰਹੇ ਕੈਨੇਡੀਅਨ ਨਾਗਰਿਕ ਹੋਣੇ ਚਾਹੀਦੇ ਹਨ ਅਤੇ, ਜੇ ਚੁਣੇ ਜਾਂਦੇ ਹਨ, ਤਾਂ ਰਸਮੀ ਤੌਰ ਤੇ ਸ਼ਾਮਿਲ ਕੀਤੇ ਦੇ ਸਮਾਰੋਹ ਵਿੱਚ ਸ਼ਾਮਲ ਹੋਣ ਦੇ ਯੋਗ ਹੋਣੇ ਚਾਹੀਦੇ ਹਨ। ਲੋਕ ਆਪਣੇ ਆਪ ਨੂੰ, ਆਪਣੇ ਜੀਵਨ ਸਾਥੀ ਜਾਂ ਆਪਣੇ ਨਜ਼ਦੀਕੀ ਪਰਿਵਾਰ ਦੇ ਮੈਂਬਰ ਨੂੰ ਨਾਮਜ਼ਦ ਨਹੀਂ ਕਰ ਸਕਦੇ।

ਨਾਮਜ਼ਦਗੀ ਸੰਬੰਧੀ ਦਿਸ਼ਾ ਨਿਰਦੇਸ਼ਾਂ, ਨਾਮਜ਼ਦਗੀ ਫਾਰਮਾਂ ਅਤੇ ਪਹਿਲਾਂ ਸ਼ਾਮਿਲ ਕੀਤੇ ਗਏ ਲੋਕਾਂ ਦੀਆਂ ਜੀਵਨੀਆਂ ਸਮੇਤ ਆਰਡਰ ਬਾਰੇ ਜਾਣਕਾਰੀ, ਅਲਬਰਟਾ ਆਰਡਰ ਆਫ਼ ਐਕਸੀਲੈਂਸ ਵੈਬਸਾਈਟ 'ਤੇ ਉਪਲਬਧ ਹੈ।

780-449-0517 'ਤੇ ਕਾਲ ਕਰਕੇ ਵੀ ਜਾਣਕਾਰੀ ਉਪਲਬਧ ਹੈ।

## ਸੰਬੰਧਿਤ ਜਾਣਕਾਰੀ

ਅਲਬਰਟਾ ਆਰਡਰ ਆਫ਼ ਐਕਸੀਲੈਂਸ

## ਮੀਡੀਆ ਪੁੱਛਗਿੱਛ

Gary G. Mar (ਗੈਰੀ ਜੀ. ਮਾਰ)
mar@cwf.ca
587-897-3311
ਚੇਅਰ,
ਅਲਬਰਟਾ ਆਰਡਰ ਆਫ਼ ਐਕਸੀਲੈਂਸ ਕੌਂਸਲ
(ਇੰਟਰਵਿਊਆਂ ਸੈੱਟ ਅੱਪ ਕਰਨ ਲਈ mccaw@cwf.ca ਨੂੰ ਈਮੇਲ ਕਰੋ)

Gayle Stannard (ਗੇਲ ਸਟੈਨਾਰਡ)
gaylest@telus.net
780-953-4020
ਕਾਰਜਕਾਰੀ ਡਾਇਰੈਕਟਰ,
ਅਲਬਰਟਾ ਆਰਡਰ ਆਫ਼ ਐਕਸੀਲੈਂਸ